ਦਸੰਬਰ/ਜਨਵਰੀ

ਸ਼੍ਰੇਣੀ- ਸੱਤਵੀਂ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ ਗੁਰਦਾਸਪੁਰ।

## ਅਰਥ- ਬੋਧ: ਬਹੁ-ਅਰਥਕ ਸ਼ਬਦ (11-25)

ਸਾਰ- 1. ਕਵਿਤਾ ਜਾਂ ਕਹਾਣੀ ਦਾ ਸਾਰ ਲਿਖੋ।

2.ਉਹ ਖਾਣਾ ਖਾਣ ਸਾਰ ਕੰਮ ਵਿੱਚ ਜੁੱਟ ਗਿਆ।

3. ਗ਼ਰੀਬ ਦੀ ਕੌਣ ਸਾਰ ਲੈਂਦਾ ਹੈ?

ਸੂਆ- 1. ਸਾਡੀ ਮੱਝ ਦਾ ਇਹ ਪਹਿਲਾਂ ਸੂਆ ਹੈ।

2. ਅੱਜ-ਕੱਲ੍ਹ ਬੋਰੀਆਂ ਮਸ਼ੀਨਾਂ ਨਾਲ਼ ਸਿਊਂ ਲਈਆਂ ਜਾਂਦੀਆਂ ਹਨ,ਸੂਆ ਘੱਟ ਹੀ ਵਰਤੋਂ ਵਿੱਚ ਆਉਂਦਾ ਹੈ।

3. ਨਹਿਰ ਦਾ ਸੂਆ ਸਾਡੇ ਖੇਤ ਦੇ ਵਿਚਕਾਰੋਂ ਲੰਘਦਾ ਹੈ।

ਸੂਤ- 1. ਬਜ਼ੁਰਗ ਔਰਤ ਚਰਖੇ ਉੱਤੇ ਸੂਤ ਕੱਤ ਰਹੀ ਹੈ।

2.ਅੰਤ ਮੇਰਾ ਕੰਮ ਸੂਤ ਆ ਗਿਆ।

3. ਮੱਕੀ ਦੇ ਸੂਤ ਨਿਕਲ਼ ਆਏ ਹਨ,ਛੇਤੀ ਹੀ ਛੱਲੀਆਂ ਬਣ ਜਾਣਗੀਆਂ।

ਹਾਰ- 1. ਖੇਡ ਤਾਂ ਖੇਡਣ ਲਈ ਖੇਡੀਦੀ ਹੈ,ਹਾਰ-ਜਿੱਤ ਲਈ ਨਹੀਂ।

2. ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਮਰਥਕਾਂ ਨੇ ਨੇਹਾ ਦੇ ਗਲ਼ ਵਿੱਚ ਹਾਰ ਪਾਏ।

3. ਉਸ ਨੇ ਨੌਕਰੀ ਲਈ ਬਹੁਤ ਨੱਠ-ਭੱਜ ਕੀਤੀ ਪਰ ਨੌਕਰੀ ਨਾ ਮਿਲ਼ੀ।ਉਹ ਹਾਰ ਕੇ ਨਹੀਂ ਬੈਠਿਆ ਸਗੋਂ ਆਪਣੀ ਦੁਕਾਨ ਖੋਲ੍ਹ ਲਈ।

ਹਾਲ- 1. ਉਸ ਨੂੰ ਮਿਲ਼ਦੇ ਸਾਰ ਮੈਂ ਪੁੱਛਿਆ, 'ਸੁਣਾਓ,ਤੁਹਾਡਾ ਕੀ ਹਾਲ ਹੈ?'

2. ਪਹੀਏ ਦਾ ਹਾਲ ਗਰਮ ਕਰਕੇ ਚੜ੍ਹਾਇਆ ਜਾਂਦਾ ਹੈ।

3. ਹਾਲ ਦੀ ਘੜੀ ਤੁਸੀਂ ਇਸੇ ਤਰ੍ਹਾਂ ਹੀ ਕੰਮ ਚਲਾ ਲਓ।

ਕੱਚਾ– 1. ਇਹ ਸੇਬ ਕੱਚਾ ਹੈ।

2. ਕੱਚਾ ਕੰਮ ਕਾਪੀ ਦੇ ਹਾਸ਼ੀਏ ਵਿੱਚ ਕਰੋ।

3. ਅਜਿਹਾ ਕੰਮ ਨਾ ਕਰੋ ਜਿਸ ਲਈ ਬਾਅਦ ਵਿੱਚ ਕੱਚਾ ਹੋਣਾ ਪਵੇ।

ਕਲੀ– 1. ਮੋਤੀਏ ਦੀ ਕਲੀ ਦੀ ਖ਼ੁਸ਼ਬੋ ਬਹੁਤ ਚੰਗੀ ਲੱਗਦੀ ਹੈ।

2. ਦਿਵਾਲ਼ੀ ਤੋਂ ਪਹਿਲਾਂ ਮੈਂ ਆਪਣੇ ਘਰ ਨੂੰ ਕਲੀ ਕਰਵਾਈ।

3. ਗਾਇਕ ਨੇ ਬਹੁਤ ਉੱਚੀ ਹੇਕ ਲਾ ਕੇ ਹੀਰ ਦੀ ਕਲੀ ਗਾਈ।

ਕਾਲ– 1. ਕਾਲ ਦੀਆਂ ਤਿੰਨ ਕਿਸਮਾਂ ਹਨ:

ਭੂਤ ਕਾਲ,ਵਰਤਮਾਨ ਕਾਲ ਅਤੇ ਭਵਿਖਤ ਕਾਲ।

2. ਰਾਵਣ ਦਾ ਸੀ ਸਮਝ ਕਿ ਕਾਲ ਉਸ ਨੇ ਮੰਜੇ ਦੇ ਪਾਵੇ ਨਾਲ਼ ਬੰਨ੍ਹਿਆ ਹੋਇਆ ਹੈ।

3. ਮੀਂਹ ਘੱਟ ਪੈਣ ਨਾਲ਼ ਕਾਲ ਪੈ ਗਿਆ।

ਕੋਟ – 1. ਖੋਟ ਦੀ ਸਿਲਾਈ ਬਹੁਤ ਮਹਿੰਗੀ ਹੈ।

2. ਤਿੰਨ ਕੋਟ ਕਰਨ ਤੋਂ ਬਾਅਦ ਕਲੀ ਵਿੱਚ ਸਹੀ ਚਮਕ ਆ ਜਾਂਦੀ ਹੈ।

3. ਫ਼ੌਜਾਂ ਨੇ ਕੋਟ ਵਿੱਚੋਂ ਬਾਹਰ ਆ ਕੇ ਵੈਰੀ ਉੱਤੇ ਹਮਲਾ ਕੀਤਾ।

ਖੱਟੀ – 1. ਉਸ ਨੇ ਖੱਟੀ ਚੁੰਨੀ ਲਈ ਹੋਈ ਹੈ।

2. ਖੱਟੀ ਲੱਸੀ ਦੀ ਕੜ੍ਹੀ ਬਹੁਤ ਵਧੀਆ ਬਣਦੀ ਹੈ।

3. ਅੱਜ ਕੱਲ੍ਹ ਡਾਕਟਰੀ ਪੇਸ਼ੇ ਵਿੱਚ ਖ਼ੂਬ ਖੱਟੀ ਹੈ।

ਗੋਲ਼ਾ – 1. ਲੜਾਈ ਸਮੇਂ ਗੋਲ਼ਾਬਾਰੀ ਵਿੱਚ ਫ਼ੌਜੀਆਂ ਦਾ ਬਹੁਤ ਜਾਨੀ ਨੁਕਸਾਨ ਹੋਇਆ।

2. ਭਾਰਤ ਨੇ ਏਸ਼ਿਆਈ ਖੇਡਾਂ ਵਿੱਚ ਗੋਲ਼ਾ ਸੁੱਟਣ ਵਿੱਚ ਸੋਨੇ ਦਾ ਤਗਮਾ ਹਾਸਲ ਕੀਤਾ।

.3 ਸੂਰਜ ਗੈਸਾਂ ਦਾ ਵੱਡਾ ਗੱਲ਼ਾ ਹੈ।

ਘੜੀ – 1. ਮੇਰੀ ਘੜੀ ਖ਼ਰਾਬ ਹੋ ਗਈ ਹੈ।

2. ਇਹ ਗੁੱਲੀ ਤਰਖਾਣ ਨੇ ਘੜੀ ਹੈ।

3. ਮੈਂ ਉਸ ਘੜੀ ਨੂੰ ਉਡੀਕ ਰਿਹਾ ਹਾਂ ਜਦੋਂ ਮੇਰਾ ਨਤੀਜਾ ਆਵੇਗਾ।

ਚੱਕ – 1. ਘੁਮਿਆਰ ਚੱਕ ਉੱਤੇ ਮਿੱਟੀ ਦੇ ਭਾਂਡੇ ਬਣਾਉਂਦਾ ਹੈ।

2. ਚੱਕ ਨੰਬਰ ੨੦ ਵਿੱਚ ਸੁੰਦਰ ਸਿੰਘ ਰਹਿੰਦਾ ਹੈ।

3. ਗੁੜ ਬਣਾਉਣ ਲਈ ਚੱਕ ਦੀ ਵਰਤੋਂ ਕੀਤੀ ਜਾਂਦੀ ਹੈ।

ਛਾਪਾ– 1. ਪੁਲਿਸ ਨੇ ਛਾਪਾ ਮਾਰ ਕੇ ਚੋਰੀ ਦਾ ਸਮਾਨ ਫੜ ਲਿਆ।

2. ਇਸ ਪੁਸਤਕ ਦਾ ਛਾਪਾ ਬਹੁਤ ਬਰੀਕ ਹੈ।

3. ਇਸ ਚਾਦਰ ਉੱਤੇ ਛਾਪਾ ਚੰਗਾ ਉੱਘੜਿਆ ਹੈ।

ਜੱਗ – 1. ਮੀਂਹ ਨਾ ਪੈਣ ਉੱਤੇ ਪਿੰਡ ਵਾਲ਼ਿਆਂ ਨੇ ਜੱਗ ਕੀਤਾ।

2. ਕਹਾਵਤ ਹੈ, " ਇਹ ਜੱਗ ਮਿੱਠਾ , ਅਗਲਾ ਕਿਨ ਡਿੱਠਾ?"

3. ਪਾਣੀ ਦਾ ਜੱਗ ਭਰ ਕੇ ਮੇਜ਼ ਉੱਤੇ ਰੱਖ ਦਿਉ।